ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਡਾ ਇਹ ਜਨਮ ਹੀ ਅਮੁਲ ਹੈ, ਕਿਉਂਕਿ ਬਾਪ ਖੁਦ ਇਸ ਸਮੇਂ ਤੁਹਾਡੀ ਸੇਵਾ ਕਰਦੇ ਹਨ, ਲਕਸ਼ ਸੋਪ ਨਾਲ ਤੁਹਾਡਾ ਵਸਤਰ ਸਾਫ਼ ਕਰਦੇ ਹਨ"

ਪ੍ਰਸ਼ਨ:- ਜੋ ਅਲਾਹ ਨੂੰ ਸ੍ਰਿਸਟੀ ਦਾ ਰਚਿਅਤਾ ਕਹਿੰਦੇ ਹਨ ਉਹਨਾਂ ਕੋਲੋਂ ਕਿਹੜਾ ਪ੍ਰਸ਼ਨ ਪੁੱਛਣਾ ਚਾਹੀਦਾ ਹੈ?

ਉੱਤਰ:- ਉਹਨਾਂ ਨੂੰ ਕੋਲੋਂ ਪੁੱਛੋਂ - ਜਦੋਂ ਅਲਹਾ ਨੇ ਸ੍ਰਿਸਟੀ ਰਚੀ ਤਾਂ ਰਚਨਾ ਦੇ ਲਈ ਉਹਨਾਂ ਨੂੰ ਫੀਮੇਲ ਚਾਹੀਦਾ ਹੈ, ਭਲਾ ਅਲਾਹ ਦੀ ਫੀਮੇਲ ਕੌਣ? ਗੋਡ਼ ਫਾਦਰ ਕਹਿੰਦੇ ਹੋ ਤਾਂ ਜਰੂਰ ਮਦਰ ਵੀ ਚਾਹੀਦੀ ਹੈ ਨਾ। ਤੁਸੀਂ ਬੱਚੇ ਇਸ ਗੂਹੇ ਰਾਜ਼ ਨੂੰ ਚੰਗੀ ਤਰ੍ਹਾਂ ਨਾਲ ਜਾਣਦੇ ਹੋ। ਅਲਾਹ ਦੀ ਫੀਮੇਲ ਹੈ ਇਹ ਬ੍ਰਹਮਾ। ਇਹ ਤੁਹਾਡੀ ਵੱਡੀ ਮਾਂ। ਇਸ ਗੱਲ ਨੂੰ ਮਨੁੱਖ ਸਮਝ ਨਹੀਂ ਸਕਦੇ।

ਗੀਤ:- ਕਿਸਨੇ ਇਹ ਸਭ ਖੇਡ ਰਚਾਇਆ...

ਓਮ ਸ਼ਾਂਤੀ। ਬੱਚੇ ਜਾਣਦੇ ਹਨ ਕੋਈ ਵੀ ਮਨੁੱਖ ਇਸ ਗੀਤ ਦਾ ਅਸਲ ਅਰਥ ਕਰ ਨਾ ਸਕੇ। ਨਾਟਕ ਬਣਾਉਣ ਵਾਲੇ ਵੀ ਨਹੀਂ ਸਮਝਦੇ। ਇਵੇਂ ਹੀ ਗੀਤ ਬਣਾ ਦਿੰਦੇ ਹਨ, ਜਿਵੇਂ ਸ਼ਾਸ਼ਤਰ ਬਣਾ ਦਿੰਦੇ ਹਨ। ਸਮਝਦੇ ਕੁਝ ਨਹੀਂ। ਤੁਸੀਂ ਵੇਦਾਂ ਦੇ ਲਈ ਕਹਿੰਦੇ ਹੋ - ਇਹ ਧਰਮ ਸ਼ਾਸਤਰ ਨਹੀਂ ਹਨ। ਸ਼ਾਸਤਰ ਕਹਾਂਗੇ ਪਰ ਧਰਮ ਸ਼ਾਸਤਰ ਨਹੀਂ ਹਨ। ਹੁਣ ਧਰਮ ਸ਼ਾਸਤਰ ਨਾਲ ਤਾਂ ਕੁਝ ਫ਼ਾਇਦਾ ਹੋਣਾ ਚਾਹੀਦਾ ਹੈ। ਧਰਮ ਸ਼ਾਸਤਰ ਦਾ ਅਰਥ ਵੀ ਸਮਝਦੇ ਹਨ। ਸ਼ਾਸਤਰ ਮਤਲਬ ਜਿਸ ਵਿੱਚ ਕੋਈ ਧਰਮ ਸਥਾਪਨ ਨਹੀਂ ਹੁੰਦਾ ਹੈ, ਕਿਸੇ ਦਵਾਰਾ। ਤਾਂ ਪੁੱਛਣਾ ਚਾਹੀਦਾ ਹੈ - ਵੇਦ - ਉਪਨਿਸ਼ਦ ਕਿਸ ਧਰਮ ਦੇ ਸ਼ਾਸਤਰ ਹਨ? ਉਹ ਧਰਮ ਕਿਸਨੇ ਸਥਾਪਨ ਕੀਤਾ? ਇਹਨਾਂ ਵਿੱਚੋ ਤੇ ਕੋਈ ਧਰਮ ਹੀ ਨਹੀਂ ਨਿਕਲਦਾ ਹੈ। ਕਿਹੜੇ - ਕਿਹੜੇ ਧਰਮ ਹਨ - ਉਹ ਵੀ ਸਮਝਾਇਆ ਜਾਂਦਾ ਹੈ। ਜਿਵੇਂ ਝਾੜ ਵਿੱਚ ਮੁਖ ਹੈ ਥੁਰ (ਤਨਾ) ਫਿਰ ਵੱਡੀ ਡਾਲ, ਫਿਰ ਛੋਟੀ - ਛੋਟੀ ਟਾਲ - ਟਾਲੀਆਂ ਨਿਕਲਦੀਆਂ ਹਨ। ਤਾਂ ਬੱਚਿਆਂ ਨੂੰ ਸਮਝਾਇਆ ਜਾਂਦਾ ਹੈ - ਇਹ ਜੋ ਧਰਮ ਸ਼ਾਸਤਰ ਹਨ ਸਰਵ ਸ਼ਾਸਤਰਮਈ ਸ਼ਿਰੋਮਨੀ ਗੀਤਾ, ਉਹ ਹੈ ਥੁਰ। ਉਹਨਾਂ ਦੇ ਬਾਦ ਬਾਕੀ ਸਭ ਠਹਿਰੇ ਰਚਨਾ। ਇਹ ਇਸਲਾਮੀ, ਬੋਧੀ, ਕ੍ਰਿਸ਼ਚਨ ਆਦਿ ਇਹ ਸਭ ਕਲਪ ਵਰੀਕ੍ਸ਼ ਦੇ ਟਾਲ ਹਨ। ਗੀਤਾ ਵਿੱਚ ਵੀ ਲਿਖਿਆ ਹੋਇਆ ਹੈ - ਮਨੁੱਖ ਸ੍ਰਿਸਟੀ ਦਾ ਝਾੜ ਹੈ। ਤਾਂ ਇਹ ਝਾੜ ਦਾ ਰਾਜ਼ ਬੁੱਧੀ ਵਿੱਚ ਹੁਣ ਬੈਠਿਆ ਹੈ। ਇਸਦਾ ਮੁਖ ਥੁਰ ਹੈ - ਆਦਿ ਸਨਾਤਨ ਦੇਵੀ - ਦੇਵਤਾ ਧਰਮ। ਇਸ ਝਾੜ ਦੀ ਭੇਂਟ ਬੜ ਦੇ ਝਾੜ ਨਾਲ ਕੀਤੀ ਜਾਂਦੀ ਹੈ। ਉਹ ਬਹੁਤ ਵੱਡਾ ਹੁੰਦਾ ਹੈ। ਝਾੜ ਜਦੋਂ ਪੁਰਾਣਾ ਹੁੰਦਾ ਹੈ ਤਾਂ ਉਹਨਾਂ ਦਾ ਥੁਰ (ਤਨਾ) ਸੜ ਜਾਂਦਾ ਹੈ, ਬਾਕੀ ਟਾਲ - ਟਾਲੀਆਂ ਰਹਿੰਦੀਆਂ ਹਨ। ਇਹ ਵੀ ਇਵੇਂ ਹੀ ਹਨ। ਬੱਚੇ ਜਾਣਦੇ ਹਨ - ਇਹਨਾਂ ਦਾ ਥੁਰ ਜੋ ਦੇਵੀ - ਦੇਵਤਾ ਧਰਮ ਸੀ ਉਹ ਹੁਣ ਹੈ ਨਹੀਂ। ਪਰਮਾਤਮਾ 24 ਅਵਤਾਰ ਲੈਂਦੇ ਹਨ ਤਾਂ ਉਹ ਸਰਵਵਿਆਪੀ ਹੋ ਨਹੀਂ ਸਕਦੇ। ਜਦੋਂ ਅਵਤਾਰ ਲੈਂਦੇ ਹਨ ਤਾਂ ਉਹਨਾਂ ਨੂੰ ਸਰਵਵਿਆਪੀ ਕਿਵੇਂ ਕਹਾਂਗੇ? ਨਵੀਂ ਗੱਲ ਹੈ ਨਾ। ਕਿੰਨਾ ਵੱਡਾ ਝਾੜ ਹੈ। ਥੁਰ ਹੈ ਹੀ ਨਹੀ! ਇੱਕ ਵੀ ਮਨੁੱਖ ਨਹੀਂ ਜੋ ਕਹਿਣ ਅਸੀਂ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੇ ਹਾਂ।

ਸਤਿਯੁਗ ਨੂੰ ਲੱਖਾਂ ਵਰ੍ਹੇ ਪਿਛਾੜੀ ਵਿੱਚ ਲੈ ਜਾਂਦੇ ਹਨ। ਕਿੰਨੀ ਮੁਸ਼ਕਿਲ ਦੀ ਗੱਲ ਹੋ ਗਈ ਹੈ। ਹੁਣ ਸਭ ਮਨੁੱਖ ਦੁੱਖੀ ਹੀ ਦੁੱਖੀ ਹਨ। ਸੁੱਖੀ ਕੌਣ ਹੋ ਸਕਦਾ ਹੈ? ਸੰਨਿਆਸੀਆਂ ਦੀ ਬੁੱਧੀ ਵਿੱਚ ਵੀ ਇਹ ਭੇਂਟ ਆਏਗੀ ਨਹੀਂ ਕਿ ਇੱਥੇ ਕਾਗ ਵਿਸ਼ਟਾ ਸਮਾਨ ਸੁਖ ਹੈ ਅਤੇ ਅਥਾਹ ਦੁੱਖ ਹਨ। ਇਹ ਉਹਨਾਂ ਨੂੰ ਪਤਾ ਨਹੀਂ ਹੈ। ਹੁਣ ਬਾਪ ਦਸਦੇ ਹਨ - ਤੁਹਾਨੂੰ ਅਥਾਹ ਸੁਖ ਵਿੱਚ ਫਿਰ ਤੋਂ ਲੈ ਜਾਂਦਾ ਹਾਂ। ਇਸ ਸਮੇਂ ਆਪਣਾ ਪਾਰ੍ਟ ਵਜਾਏ ਸਭ ਕੁਝ ਕਰਕੇ ਛਿਪ ਜਾਂਦੇ ਹਨ। ਉਵੇਂ ਤੇ ਪਾਰ੍ਟ ਸਭ ਵਜਾਉਂਦੇ ਹਨ। ਇਸਲਾਮੀ - ਬੌਧੀ ਆਦਿ ਸਭ ਛਿਪ ਜਾਣਗੇ, ਉਪਰ ਚਲੇ ਜਾਣਗੇ। ਇਹ ਵੀ ਕੋਈ ਨਹੀਂ ਜਾਣਦੇ। ਮਨੁੱਖਾਂ ਨੂੰ ਸਮਝਾਇਆ ਜਾਂਦਾ ਹੈ। ਜਾਨਵਰ ਨੂੰ ਤੇ ਨਹੀਂ ਦੱਸਣਗੇ। ਮਨੁੱਖ ਦਾ ਜਨਮ ਸਭਤੋਂ ਉੱਚ ਗਾਇਆ ਜਾਂਦਾ ਹੈ। ਉਹ ਕਿਹੜਾ? ਕਹਿੰਦੇ ਵੀ ਹਨ ਕਿ ਮਨੁੱਖ ਦੀ ਤਾਂ ਚਮੜੀ ਵੀ ਕੰਮ ਵਿੱਚ ਨਹੀਂ ਆਉਂਦੀ। ਫਿਰ ਕਹਿੰਦੇ ਹਨ ਮੁਖ ਦਾ ਜਨਮ ਉਤਮ ਹੈ। ਅਸਲ ਵਿੱਚ ਤੁਹਾਡਾ ਇਹ ਉੱਤਮ ਜਨਮ ਹੈ, ਜੋ ਬਾਪ ਬੈਠ ਤੁਹਾਡੀ ਸੇਵਾ ਕਰਦੇ ਹਨ। ਦੁਨੀਆਂ ਦੇ ਮਨੁੱਖਾਂ ਦਾ ਇਹ ਜੀਵਨ ਬਹੁਤ ਕਨਿਸ਼ਟ ਹੈ। ਤੁਸੀਂ ਜਾਣਦੇ ਹੋ ਅਸੀਂ ਵੀ ਪਹਿਲੇ ਛੀ- ਛੀ ਮੂਤ ਪਲੀਤੀ ਮਨੁੱਖ ਸੀ, ਹੁਣ ਬਾਬਾ ਸਾਡੇ ਇਸ ਵਸਤਰ ਨੂੰ ਗਿਆਨ ਲਕਸ਼ ਸੋਪ ਨਾਲ ਸਾਫ਼ ਕਰਦੇ ਹਨ। ਅਤੇ ਕਹਿੰਦੇ ਹਨ - ਹੁਣ ਆਪਣੇ ਬਾਪ ਨੂੰ ਯਾਦ ਕਰੋ।

ਇਸ ਦੁਨੀਆਂ ਵਿੱਚ ਬਾਪ ਨੂੰ ਕੋਈ ਵੀ ਨਹੀਂ ਜਾਣਦੇ ਹਨ। ਬਾਪ ਨੂੰ ਜਾਨਣ ਤਾਂ ਤੇ ਬੱਚੇ ਬਣਨ। ਸ਼ਿਵ ਦੇ ਬਣੇ, ਬ੍ਰਹਮਾ ਦੇ ਬਣੇ ਤਾਂ ਪੋਤਰੇ ਕਹਾਉਣ। ਬ੍ਰਾਹਮਣ ਵੀ ਦੋ ਤਰ੍ਹਾਂ ਦੇ ਹਨ -ਇੱਕ ਹਨ ਮੁਖ ਵੰਸ਼ਾਵਲੀ, ਦੂਸਰੇ ਹਨ ਕੁੱਖ ਵੰਸ਼ਾਵਲੀ। ਤੁਸੀਂ ਹੋ ਬ੍ਰਹਮਾ ਦੇ ਮੁਖ ਵੰਸ਼ਾਵਲੀ ਬ੍ਰਹਮਾਕੁਮਾਰ - ਕੁਮਾਰੀਆਂ। ਬ੍ਰਹਮਾ ਦਾ ਬਾਪ ਕੌਣ? ਸ਼ਿਵਬਾਬਾ। ਉਹਨਾਂ ਦਾ ਬਾਪ ਤੇ ਕੋਈ ਹੁੰਦਾ ਨਹੀਂ। ਤੁਹਾਨੂੰ ਪੜ੍ਹਾਉਣ ਵਾਲਾ ਵੀ ਇਹੋ ਹੈ। ਤੁਹਾਡਾ ਗੁਰੂ ਵੀ ਉਹ ਹੈ। ਹੁਣ ਸਮੁਖ ਬੈਠੇ ਹਨ ਫਿਰ ਛਿਪ ਜਾਣਗੇ। ਪਤਿਤ ਦੁਨੀਆਂ ਨੂੰ ਪਾਵਨ ਬਣਾਏ, ਦੇਵੀ ਦੇਵਤਾ ਧਰਮ ਦੀ ਸਥਾਪਨਾ ਕਰ ਹੋਰ ਸਭਨੂੰ ਮੁਕਤੀਧਾਮ ਵਿੱਚ ਲੈ ਜਾਣਗੇ। 21 ਜਨਮ ਦਾ ਸੁਖ ਦੇ ਦਿੱਤਾ ਫਿਰ ਹੋਰ ਕੀ ਚਾਹੀਦਾ

ਹੈ! ਬਾਬਾ ਸਦਾ ਸੁਖੀ ਤਾਂ ਬਣਾਉਂਦੇ ਹਨ। ਬਾਕੀ ਉੱਚ ਪਦਵੀ ਪਾਉਣ ਲਈ ਤਾਂ ਪੁਰਸ਼ਾਰਥ ਕਰਨਾ ਪਵੇ।

ਸ਼੍ਰੀਕ੍ਰਿਸ਼ਨਪੁਰੀ ਨੂੰ ਸੁਖਧਾਮ ਕਿਹਾ ਜਾਂਦਾ ਹੈ। ਸ਼੍ਰੀਨਾਰਾਇਣ ਦਾ ਬਚਪਨ ਨਹੀਂ ਦਿਖਾਉਂਦੇ ਹਨ। ਸ਼੍ਰੀਕ੍ਰਿਸ਼ਨ ਦਾ ਸਵੰਬਰ ਵਿਖਾਉਂਦੇ ਹਨ। ਜੇਕਰ ਰਾਧੇ ਨਾਲ ਸਵੰਬਰ ਹੋਇਆ ਤਾਂ ਫਿਰ ਉਹਨਾਂ ਦਾ ਨਾਮ ਕਿਉਂ ਬਦਲੀ ਹੋਇਆ! ਇਹ ਦਿਖਾਉਂਦੇ ਨਹੀਂ। ਲਕਸ਼ਮੀ - ਨਾਰਾਇਣ ਦਾ ਤਾਂ ਮਨੁੱਖਾਂ ਨੂੰ ਪਤਾ ਨਹੀਂ। ਉਹਨਾਂ ਦੇ ਜੀਵਨ ਚਰਿੱਤਰ ਨੂੰ ਤੇ ਕੋਈ ਜਾਣਦੇ ਨਹੀਂ। ਤੁਸੀਂ ਹੁਣ ਸਮਝ ਰਹੇ ਹੋ। ਕੋਟਾਂ ਵਿੱਚੋ ਕੋਈ ਹੀ ਨਿਕਲੇਗਾ, ਜਿਨ੍ਹਾਂ ਨੇ ਪੂਰਾ ਚੱਕਰ ਲਗਾਇਆ ਹੋਵੇਗਾ। ਤੁਸੀਂ ਇਹ ਜਾਣਦੇ ਹੋ - ਭਗਤੀ ਉਹ ਕਰਦੇ ਹਨ ਜੋ ਪਹਿਲੇ - ਪਹਿਲੇ ਪੂਜਯ ਤੋਂ ਪੁਜਾਰੀ ਬਣਦੇ ਹਨ। ਭਗਤ ਤੇ ਸਭ ਹਨ। ਸਰਸੋਂ ਦੇ ਮੁਆਫਿਕ ਮਨੁੱਖ ਹਨ। ਤੁਸੀਂ ਜਾਣਦੇ ਹੋ - ਹੁਣ ਉਹ ਵਿਚਾਰੇ ਸਬ ਮੌਤ ਦੀ ਚੱਕੀ ਵਿੱਚ ਹਨ। ਹੁਣ ਤੁਹਾਨੂੰ ਬੱਚਿਆਂ ਨੂੰ ਬਹੁਤ ਵੱਡੀ ਬੁੱਧੀ ਮਿਲੀ ਹੈ। 84 ਜਨਮਾਂ ਦਾ ਚੱਕਰ ਬੁੱਧੀ ਵਿੱਚ ਰੱਖਣਾ ਬਹੁਤ ਸਹਿਜ ਹੈ। ਅਸੀਂ ਹੁਣ ਬ੍ਰਾਹਮਣ ਹਾਂ। ਸੋ ਫਿਰ ਦੇਵਤੇ ਬਣਾਂਗੇ ਫਿਰ 84 ਜਨਮ ਲੈਣੇ ਪੈਣਗੇ। ਹਮ ਸੋ ਦਾ ਅਰਥ ਵੀ ਬੱਚਿਆਂ ਨੂੰ ਸਮਝਾਇਆ ਹੈ। ਹਮ ਸੋ, ਸੋ ਹਮ - ਇੱਥੇ ਹੀ ਗਾਉਂਦੇ ਹਨ। ਹੋਰ ਧਰਮਾਂ ਵਿੱਚ ਇਹ ਅੱਖਰ ਹੀ ਨਹੀਂ। ਓਮ ਮਾਨਾ ਭਗਵਾਨ ਸਮਝ ਲੈਂਦੇ ਹਨ। ਅਸਲ ਵਿੱਚ ਓਮ ਮਤਲਬ ਅਹਿਮ ਆਤਮਾ। ਉਹ ਫਿਰ ਉਲਟਾ ਕਹਿ ਦਿੰਦੇ - ਆਤਮਾ ਸੋ ਪਰਮਾਤਮਾ। ਅੱਛਾ, ਫਿਰ ਕੀ? ਅਸੀਂ ਸ਼ਰੀਰ ਤਾਂ ਹੈ ਨਹੀਂ। ਪਰਮਪਿਤਾ ਪਰਮਾਤਮਾ ਤਾਂ ਇਵੇਂ ਕਹਿ ਨਾ ਸਕੇ ਕਿ ਅਹਿਮ ਆਤਮਾ ਮਮ ਸ਼ਰੀਰ। ਇਹ ਬਾਪ ਕਹਿੰਦੇ ਹਨ - ਅਹਿਮ ਆਤਮਾ ਤਾਂ ਬਰੋਬਰ ਹਾਂ। ਇਸ ਵਿੱਚ ਇਹ ਸ਼ਰੀਰ ਲੋਂਨ ਤੇ ਲਿਤਾ ਹੈ। ਇਹ ਸਾਡੀ ਜੁੱਤੀ ਨਹੀਂ ਹੈ। ਸਾਡੇ ਪੈਰ ਹੈ ਨਹੀਂ। ਸਾਡੇ ਚਰਨਾਂ ਦੀ ਪੂਜਾ ਹੋ ਨਹੀਂ ਸਕਦੀ। ਕ੍ਰਿਸ਼ਨ ਦੇ ਚਰਨ ਹਨ, ਸਾਡੇ ਤੇ ਹੈ ਨਹੀਂ। ਮੈਂ ਹਾਂ ਹੀ ਨਿਰਾਕਾਰ। ਉਵੇਂ ਤੇ ਆਤਮਾ ਵੀ ਨਿਰਾਕਾਰ ਹੈ। ਪਰ ਉਹ 84 ਜਨਮਾਂ ਵਿੱਚ ਆਉਂਦੀ ਹੈ। ਮੇਰਾ ਤਾਂ ਸ਼ਰੀਰ ਹੈ ਨਹੀਂ। ਮੈਂ ਅਸ਼ਰੀਰੀ ਹਾਂ। ਤੁਹਾਨੂੰ ਵੀ ਕਹਿੰਦਾ ਹਾਂ - ਅਸ਼ਰੀਰੀ ਬਣਕੇ ਮੈਨੂੰ ਯਾਦ ਕਰੋ। ਤੁਸੀਂ ਜਾਣਦੇ ਹੋ - ਬਾਬਾ ਆਇਆ ਹੋਇਆ ਹੈ। ਉਹਨਾਂ ਦਾ ਕੀ ਪਾਰ੍ਟ ਹੈ? ਪਤਿਤ ਸ੍ਰਿਸ਼ਟੀ ਨੂੰ ਪਾਵਨ ਬਣਾਉਣਾ। ਨਿਰਾਕਾਰ ਤਾਂ ਜਰੂਰ ਕਿਸੇ ਸ਼ਰੀਰ ਵਿੱਚ ਆਇਆ ਹੋਵੇਗਾ। ਮਨੁੱਖਾਂ ਨੂੰ ਪਤਾ ਨਾ ਹੋਣ ਦੇ ਕਾਰਨ ਉਹਨਾਂ ਨੇ ਫਿਰ ਨਾਮ ਲਿੱਖ ਦਿੱਤਾ ਹੈ - ਫਸਟ ਪ੍ਰਿੰਸ ਸ਼੍ਰੀਕ੍ਰਿਸ਼ਨ ਦਾ। ਹੁਣ ਸ਼੍ਰੀਕ੍ਰਿਸ਼ਨ ਇੱਥੇ ਕਿਵੇਂ ਆ ਸਕਦੇ ਹਨ? ਇਹ ਸਮਝਕੇ ਫਿਰ ਸਮਝਾਉਣਾਂ ਹੈ।

ਟੈਗੋਰ ਆਦਿ ਗੀਤਾ ਦੀ ਕਿੰਨੀ ਮਹਿਮਾ ਕਰਦੇ ਸਨ! ਅਸਲ ਵਿੱਚ ਇਹ ਸ਼੍ਰੀਕ੍ਰਿਸ਼ਨ ਦੇ ਬਹੁਤ ਜਨਮਾਂ ਦੇ ਅੰਤ ਦਾ ਜਨਮ ਹੈ, ਜਿਸ ਵਿੱਚ ਸ਼ਿਵਬਾਬਾ ਬੈਠ ਗੀਤਾ ਦਾ ਗਿਆਨ ਸੁਣਾਉਂਦੇ ਹਨ। ਬਾਬਾ ਕਹਿੰਦੇ ਹਨ- ਮੈਂ ਛੋਟੇ ਬੱਚੇ ਦੇ ਤਨ ਵਿੱਚ ਕਿਵੇਂ ਬੈਠ ਸੁਣਾਵਾਂਗਾ? ਜਰੂਰ ਅਨੁਭਵੀ ਰਥ ਲਵਾਂਗਾ। ਬ੍ਰਹਮਾ ਦਵਾਰਾ ਹੀ ਸਥਾਪਨਾ ਕਰਨਗੇ। ਕਲਪ ਪਹਿਲੇ ਵੀ ਤੁਸੀਂ ਬ੍ਰਹਮਾਕੁਮਾਰ ਕੁਮਾਰੀਆਂ ਨੇ ਬ੍ਰਹਮਾ ਦਵਾਰਾ ਵਰਸਾ ਲਿਆ ਸੀ। ਹੁਣ ਬਾਪ ਕਹਿੰਦੇ ਹਨ - ਹੋਰ ਸੰਗ ਤੋੜ੍ਹ ਮੁਝ ਸੰਗ ਜੋੜੋ। ਮੇਰਾ ਤਾਂ ਇੱਕ ਸ਼ਿਵਬਾਬਾ ਦੂਸਰਾ ਨਾ ਕੋਈ। ਤੁਸੀਂ ਮਾਤ ਪਿਤਾ... ਜਿਸਦੀ ਇੰਨੀ ਮਹਿਮਾ ਹੈ, ਹੁਣ ਤੁਸੀਂ ਉਹਨਾਂ ਦੇ ਸਮੁੱਖ ਬੈਠੇ ਹੋ। ਵਿਚਾਰ ਕੀਤਾ ਜਾਏ - ਬਰੋਬਰ ਸਾਨੂੰ ਕਿਸਨੇ ਰਚਿਆ? ਕਹਿੰਦੇ ਹਨ - ਅਲਾਹ ਨੇ ਰਚਿਆ। ਤਾਂ ਜਰੂਰ ਅਲਾਹ ਦੀ ਕੋਈ ਫੀਮੇਲ਼ ਵੀ ਹੋਵੇਗੀ? ਅਲਾਹ ਤੇ ਨਿਰਾਕਾਰ ਹੈ, ਉਹਨਾਂ ਦੀ ਫੀਮੇਲ਼ ਫਿਰ ਕਿਥੋਂ ਤੋਂ ਆਈ? ਤੁਸੀ ਗੋਡ ਫ਼ਾਦਰ ਕਹਿੰਦੇ ਹੋ ਤਾਂ ਫ਼ਾਦਰ ਹਮੇਸ਼ਾ ਰਚੇਤਾ ਹੁੰਦਾ ਹੈ। ਮਦਰ ਹੀ ਨਾ ਹੋਵੇ ਤਾਂ ਉਹਨਾਂ ਨੂੰ ਫ਼ਾਦਰ ਕਿਵੇਂ ਕਹਾਂਗੇ? ਬੱਚਾ ਪੈਦਾ ਹੁੰਦਾ ਹੈ ਤਾਂ ਹੀ ਤੇ ਫ਼ਾਦਰ ਕਹਿੰਦੇ ਹਨ ਨਾ। ਇਹ ਕਿਸੇਨੂੰ ਪਤਾ ਨਹੀਂ ਕਿ ਗੋਡ ਫ਼ਾਦਰ ਦੀ ਫੀਮੇਲ ਕੌਣ ਹੈ? ਇਹ ਹੈ ਸਭਤੋਂ ਗੁਹੇ ਗੱਲਾਂ। ਆਦਮ ਬੀਵੀ ਦੋਨੋਂ ਹਨ। ਆਦਮ ਉਹਨਾਂ ਨੂੰ ਕਹਾਂਗੇ ਤਾਂ ਫਿਰ ਸਰਸਵਤੀ ਦੀ ਬੀਵੀ ਨਹੀਂ ਕਹਿ ਸਕਦੇ। ਉਹ ਬੀਵੀ ਹੋਵੇ ਤੇ ਫਿਰ ਉਹਨਾਂ ਦੀ ਮਾਂ ਕੌਣ? ਇਹ ਬੜੀਆਂ ਸਮਝਣ ਦੀਆਂ ਗੱਲਾਂ ਹਨ। ਬਾਪ ਹੀ ਬੈਠ ਸਮਝਾਉਂਦੇ ਹਨ। ਇਸ ਹਿਸਾਬ ਨਾਲ ਇਹ (ਬ੍ਰਹਮਾ) ਮੇਰੀ ਸਜਨੀ ਹੋਈ। ਇਸਦੇ ਮੁਖ ਦਵਾਰਾ ਰਚਦਾ ਹਾਂ ਤੁਸੀਂ ਬੱਚਿਆਂ ਨੂੰ। ਬ੍ਰਹਮਾ ਤਨ ਵਿੱਚ ਪ੍ਰਵੇਸ਼ ਕਰਦਾ ਹਾਂ। ਉਹਨਾਂ ਨੂੰ ਸੰਭਾਲਣ ਦੇ ਲਈ ਫਿਰ ਜਗਤ ਅੰਬਾ ਨਿਮਿਤ ਬਣੀ ਹੋਈ ਹੈ। ਆਦਿ ਦੇਵ ਬ੍ਰਹਮਾ ਅਤੇ ਜਗਤ ਅੰਬਾ ਸਰਸਵਤੀ ਇਹ ਕੌਣ ਹਨ? ਵਿਵੇਕ ਕਹਿੰਦਾ ਹੈ ਬ੍ਰਹਮਾ ਦੀ ਬੇਟੀ ਹੈ। ਤਾਂ ਰਚਨਾ ਕਿਵੇਂ ਰਚੀ? ਬ੍ਰਹਮਾ ਦਵਾਰਾ ਰਚਿਆ ਤਾਂ ਇਹ ਹੈ ਵੱਡੀ ਮਾਂ। ਫਿਰ ਸੰਭਾਲਣ ਦੇ ਲਈ ਮੰਮਾ ਵੀ ਹੈ, ਬਾਬਾ ਵੀ ਹੈ। ਪਹਿਲੇ ਨੰਬਰ ਵਿੱਚ ਸਰਸਵਤੀ ਜਾਂਦੀ ਹੈ। ਜਗਤ ਅੰਬਾ ਦੀ ਕਿੰਨੀ ਮਹਿਮਾ ਹੈ। ਹੁਣ ਤੁਸੀਂ ਸਮਝ ਗਏ ਹੋ - ਹਮ ਸੋ ਬ੍ਰਾਹਮਣ ਬਣੇ ਹਾਂ। ਅਸੀਂ ਈਸ਼ਵਰ ਦੀ ਗੋਦ ਵਿੱਚ ਆਏ ਹਾਂ। ਇਸ ਵਿੱਚ ਵੀ ਦੋ ਤਰ੍ਹਾਂ ਦੇ ਹਨ - ਸਗੇ ਅਤੇ ਲਗੇ। ਇੱਕ ਹੀ ਮਾਤਾ ਦੇ ਬੱਚੇ ਫਿਰ ਸਗੇ ਅਤੇ ਲਗੇ ਦਾ ਤਾਂ ਸਵਾਲ ਹੀ ਨਹੀਂ ਉੱਠਦਾ। ਇੱਥੇ ਭਲਾ ਸਗੇ ਅਤੇ ਲਗੇ ਕਿਉਂ ਕਿਹਾ ਜਾਂਦਾ ਹੈ? ਕਹਿੰਦੇ ਹਨ ਜੋ ਸਗੇ ਬਣਦੇ ਹਨ ਉਹ ਪ੍ਰਤਿਗਿਆ ਕਰਦੇ ਹਨ - ਅਸੀਂ ਪਵਿੱਤਰ ਬਣ ਵਰਸਾ ਲਵਾਂਗੇ। ਤਾਂ ਅਜਿਹੇ ਪਵਿੱਤਰ ਹੀ ਗੱਦੀ ਨਸ਼ੀਨ ਵਾਰਿਸ ਬਣਦੇ ਹਨ। ਲਗੇ ਫਿਰ ਪ੍ਰਜਾ ਵਿੱਚ ਚਲੇ ਜਾਂਦੇ ਹਨ। ਸਗੇ ਵੀ ਬਹੁਤ ਬਣਨਗੇ ਫਿਰ ਉਨ੍ਹਾਂ ਵਿੱਚ ਵੀ ਨੰਬਰਵਾਰ ਹੋਣਗੇ। ਜਿੰਨਾਂ ਜੋ ਪੁਰਸ਼ਾਰਥ ਕਰਨਗੇ ਉਹ ਮਾਂ ਬਾਪ ਦੇ ਤਖ਼ਤ ਤੇ ਬੈਠਣਗੇ। ਮੰਮਾ ਬਾਬਾ ਤਖ਼ਤ ਤੇ ਬੈਠਦੇ ਹਨ ਤਾਂ ਸਾਨੂੰ ਵੀ ਤਖ਼ਤ ਮਿਲਣਾ ਚਾਹੀਦਾ ਹੈ। ਪਰ ਬਣਨਗੇ ਨੰਬਰਵਾਰ। ਤਾਂ ਇਹ ਹੈ ਯੋਗ ਦੀ ਯਾਤਰਾ। ਬਾਬਾ ਨੂੰ ਯਾਦ ਕਰਨਾ ਹੈ, ਸਵਦਰਸ਼ਨ ਚੱਕਰ ਫ਼ਿਰਾਉਣਾ ਹੈ, ਆਪ ਸਮਾਨ ਬਣਨਾ ਹੈ। ਮਿਹਨਤ ਕਰਨੀ ਪੈਂਦੀ ਹੈ ਆਪ ਸਮਾਨ ਬਣਾਉਣ ਦੀ। ਬੱਚੀਆਂ ਪਰਿਚੇ ਦੇਖ ਬਾਪ ਦੇ ਘਰ ਬਾਪ ਦੇ ਕੋਲ ਰਿਫਰੈਸ਼ ਹੋਣ ਲਈ ਲੈ ਆਉਂਦੀਆਂ ਹਨ। ਬਾਬਾ ਦੇਖਦੇ ਹਨ - ਕੌਣ - ਕੌਣ ਬਾਪ ਕੋਲੋਂ ਪੂਰਾ ਵਰਸਾ ਲੈਣਗੇ, ਹੋਰ ਸਭ ਪਾਸੇ ਤੋਂ ਮਮਤਵ ਮਿਟਾਕੇ ਇੱਕ ਵੱਲ ਲਗਾਉਣਗੇ? ਜਾਣਦੇ ਹਨ ਬਾਬਾ ਸਾਨੂੰ ਵਿਸ਼ਵ ਦਾ ਮਾਲਿਕ ਬਣਾਉਣ k ਵਾਲਾ ਹੈ। ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸਵਰਗ ਦਾ ਮਾਲਿਕ ਬਣਾਵਾਂਗਾ। ਫਿਰ ਭਾਵੇਂ ਸੂਰਜਵੰਸ਼ੀ, ਭਾਵੇਂ ਚੰਦਰਵੰਸ਼ੀ ਬਣੋ।

ਤਾਂ ਬਾਪ ਆਪਣੇ ਆਪ ਸਭ ਕੁਝ ਕਰ ਰਹੇ ਹਨ। ਫਿਰ ਛਿਪ ਜਾਣਗੇ। ਘੜੀ-ਘੜੀ ਤੇ ਅਵਤਾਰ ਲੈਂਦੇ ਨਹੀਂ ਹਨ। ਉਹਨਾਂ ਨੂੰ ਆਪਣਾ

ਸ਼ਰੀਰ ਹੈ ਹੀ ਨਹੀਂ। ਉਹ ਇੱਕ ਹੀ ਵਾਰ ਆਉਂਦੇ ਹਨ। ਤੁਸੀਂ ਤਾਂ ਘੜੀ - ਘੜੀ ਇੱਕ ਚੋਲਾ ਛੱਡ ਦੂਸਰਾ ਲੈਂਦੇ ਰਹਿੰਦੇ ਹੋ। ਮੈਂ ਪੁਨਰਜਨਮ ਵਿੱਚ ਆਉਂਦਾ ਨਹੀਂ ਹਾਂ। ਕਿੰਨੀ ਚੰਗੀ ਤਰ੍ਹਾਂ ਸਮਝਾਉਂਦੇ ਹਨ। ਅੱਗੇ ਇਹ ਗੱਲਾਂ ਬੁੱਧੀ ਵਿੱਚ ਨਹੀਂ ਸੀ। ਅਨਾਆਸ ਘਰ ਬੈਠੇ ਰਸਤੇ ਜਾਂਦੇ ਬਾਬਾ ਨੇ ਪ੍ਰਵੇਸ਼ ਕਰ ਲਿਆ ਫਿਰ ਪਤਾ ਲੱਗਿਆ। ਹੁਣ ਦਿਨ - ਪ੍ਰਤੀਦਿਨ ਸਭ ਗੱਲਾਂ ਬੁੱਧੀ ਵਿੱਚ ਬੈਠਦੀਆਂ ਜਾਂਦੀਆਂ ਹਨ। ਕਹਿੰਦੇ ਹਨ ਨਾ ਮੈਂ ਸਤ ਦਿਨ ਦਾ ਬੱਚਾ ਹਾਂ, ਦੋ ਮਹੀਨੇ ਦਾ ਬੱਚਾ ਹਾਂ। ਇਹ ਗਿਆਨ ਤੇ ਸੈਕਿੰਡ ਵਿੱਚ ਮਿਲ ਸਕਦਾ ਹੈ। ਕਿੰਨੇ ਬੱਚੇ ਹਨ! ਹੋਰ ਕੋਈ ਸਤਿਸੰਗ ਨਹੀਂ ਹੋਵੇਗਾ ਜਿੱਥੇ ਇੰਨੇ ਬੱਚੇ ਹੋਣ। ਪ੍ਰਜਾਪਿਤਾ ਬ੍ਰਹਮਾ ਅਤੇ ਜਗਤ ਅੰਬਾ ਵੀ ਬਾਪ ਦੇ ਬੇਟੇ - ਬੇਟੀ ਹਨ, ਨਾ ਕਿ ਮੇਲ - ਫੀਮੇਲ। ਮੇਲ - ਫੀਮੇਲ ਇੰਨੇ ਬੱਚੇ ਕਿਵੇਂ ਪੈਦਾ ਕਰਨਗੇ! ਕੁੱਖ ਵੰਸ਼ਾਵਲੀ ਦੀ ਤਾਂ ਗੱਲ ਹੀ ਨਹੀਂ। ਜਿਨ੍ਹਾਂ ਨੇ ਕਲਪ ਪਹਿਲੇ ਮਾਤ - ਪਿਤਾ ਦਾ ਬਣਕੇ ਵਰਸਾ ਪਾਇਆ ਹੈ, ਉਹ ਹੀ ਆਉਂਦੇ ਰਹਿੰਦੇ ਹਨ। ਕਲਮ ਲੱਗਦੀ ਰਹਿੰਦੀ ਹੈ। ਬਗੀਚਾ ਹੈ ਨਾ। ਹੁਣ ਦੇਵੀ - ਦੇਵਤਾ ਧਰਮ ਦੇ ਫੁੱਲ ਤੇ ਹੈ ਨਹੀਂ। ਬਾਕੀ ਸਭ ਜਿਵੇਂ ਕੰਡੇ ਹਨ। ਚੁੱਭਦੇ ਹਨ। ਇਹ ਕੰਡਿਆਂ ਦੀ ਦੁਨੀਆਂ ਹੈ। ਬਾਪ ਆਕੇ ਕੰਡਿਆਂ ਤੋਂ ਕਲੀ, ਕਲੀ ਤੋਂ ਫੁੱਲ ਬਣਾਉਂਦੇ ਹਨ। ਸ਼੍ਰੀਮਤ ਤੇ ਨਹੀਂ ਚਲਦੇ ਹਨ ਤਾਂ ਫਿਰ ਡਿੱਗ ਜਾਂਦੇ ਹਨ। ਬਾਬਾ ਸਮਝ ਜਾਂਦੇ ਹਨ - ਇਹ ਵਿਕਾਰ ਵਿੱਚ ਡਿੱਗ ਪਿਆ। ਹੁਣ ਤੁਸੀਂ ਪਤਿਤ ਤੋਂ ਪਾਵਨ ਬਣ ਰਹੇ ਹੋ। ਬਾਪ ਗਾਂਧੀ ਵੀ ਪਤਿਤ - ਪਾਵਨ ਨੂੰ ਯਾਦ ਕਰਦੇ ਹਨ। ਚਾਹੁੰਦੇ ਸਨ - ਵਰਲਡ ਆਲਮਾਇਟੀ ਅਥਾਰਿਟੀ ਦਾ ਰਾਜ ਹੋਵੇ। ਸੋ ਤਾਂ ਬਾਪ ਹੀ ਸਥਾਪਨ ਕਰਨਗੇ। ਤੁਸੀਂ ਜਾਣਦੇ ਹੋ - ਹੁਣ ਸਾਨੂੰ ਇਸ ਕੰਸਪੁਰੀ ਤੋਂ ਕ੍ਰਿਸ਼ਨਪੁਰੀ ਵਿੱਚ ਜਾਣਾ ਹੈ। ਭਾਰਤ ਵਿੱਚ ਸਤਿਯੁਗ ਸੀ। ਲਕਸ਼ਮੀ - ਨਾਰਾਇਣ ਦਾ ਰਾਜ ਸੀ। ਪੰਜ ਹਜ਼ਾਰ ਵਰ੍ਹੇ ਪਹਿਲੇ ਦੀ ਗੱਲ ਹੈ। ਪੰਜ ਹਜ਼ਾਰ ਵਰੇ ਤੋਂ ਪੁਰਾਣੀ ਚੀਜ਼ ਕੋਈ ਹੁੰਦੀ ਨਹੀਂ। ਲੱਖਾਂ ਵਰੇ ਦੀ ਤਾਂ ਕੋਈ ਚੀਜ਼ ਰਹਿ ਨਾ ਸਕੇ। ਦੇਖੋ, ਤੁਸੀਂ ਬੁੱਢੀਆਂ ਮਾਤਾਵਾਂ ਗੁੜਗਾਂਵ ਤੋਂ ਆਈਆਂ ਹੋ ਮਾਤ - ਪਿਤਾ ਦੇ ਕੋਲ, ਜਿਨ੍ਹਾਂ ਕੋਲੋਂ ਵਰਸਾ ਮਿਲਨਾ ਹੈ। ਬਾਪ ਵੀ ਬੁੱਢਿਆਂ ਨੂੰ ਦੇਖ ਖੁਸ਼ ਹੁੰਦੇ ਹਨ। ਪੰਜ ਹਜ਼ਾਰ ਵਰ੍ਹੇ ਪਹਿਲੇ ਵੀ ਆਕੇ ਵਰਸਾ ਲਿਆ ਸੀ। ਸਾਰਾ ਮਦਾਰ ਪੁਰਸ਼ਾਰਥ ਤੇ ਹੈ। ਤੁਸੀਂ ਬੁੱਢੀਆਂ ਐਨਾ ਗਿਆਨ ਉਠਾ ਨਹੀਂ ਸਕਦੀਆਂ। ਇਹ ਦਾਦਾ ਬੁੱਢਾ ਤੇ ਬਹੁਤ ਵਧੀਆ ਪੜ੍ਹਾਉਂਦਾ ਹੈ। ਤੁਸੀਂ ਸਮਝਦੇ ਹੋ - ਜਵਾਨ ਸਰਸਵਤੀ ਮਾਂ ਚੰਗਾ ਪੜ੍ਹਾਉਂਦੀ ਹੈ। ਅਰੇ, ਇਹ ਤਾਂ ਬ੍ਰਹਮਾਪੁਤਰਾ ਨਦੀ ਹੈ। ਇਹ ਤਾਂ ਜਰੂਰ ਜਿਆਦਾ ਪੜ੍ਹਦੇ ਹੋਣਗੇ ਨਾ। ਓਏ ਬੁੱਢਾ ਸਭਤੋਂ ਤੇਜ਼ ਹੈ। ਉਹ ਤਾਂ ਫਿਰ ਵੀ ਬੇਟੀ ਹੋ ਗਈ। ਬੁੱਢਿਆਂ ਦੇ ਲਈ ਵੀ ਹੈ ਬਹੁਤ ਸਹਿਜ। ਬਾਬਾ ਨੂੰ ਯਾਦ ਕਰਦੇ ਰਹੋ। ਓਹੋ! ਸ਼ਿਵਬਾਬਾ ਕੁਰਬਾਨ ਜਾਵਾਂ, ਤੁਸੀਂ ਤੇ ਸੁਖਧਾਮ ਲੈ ਜਾਂਦੇ ਹੋ! ਬਸ, ਇਸੀ ਖੁਸ਼ੀ ਵਿੱਚ ਰਹੋ ਤਾਂ ਵੀ ਬੇੜਾ ਪਾਰ ਹੈ। ਹਮੇਸ਼ਾ ਸਮਝੋਂ - ਸ਼ਿਵਬਾਬਾ ਸਮਝਾਉਂਦੇ ਹਨ। ਇਹਨਾਂ ਨੂੰ ਛੱਡ ਦਵੋ। ਇਵੇਂ ਹੀ ਸਮਝੋਂ ਸ਼ਿਵਬਾਬਾ ਸੁਣਾਉਂਦੇ ਹਨ ਤਾਂ ਬੁੱਧੀਯੋਗ ਸ਼ਿਵਬਾਬਾ ਦੇ ਕੋਲ ਜਾਣ ਨਾਲ ਵਿਕਰਮ ਵਿਨਾਸ਼ ਹੋਣਗੇ। ਮੰਮਾ ਵੀ ਸ਼ਿਵਬਾਬਾ ਤੋਂ ਸੁਣਕੇ ਸੁਣਾਉਂਦੀ ਹੈ। ਸਦੈਵ ਇੱਕ ਸ਼ਿਵਬਾਬਾ ਦੀ ਹੀ ਯਾਦ ਰਹੇ ਤਾਂ ਵਿਕਰਮ ਵਿਨਾਸ਼ ਹੁੰਦੇ ਰਹਿਣਗੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਗੱਦੀ ਨਸ਼ੀਨ ਪੱਕਾ ਵਾਰਿਸ ਬਣਨ ਦੇ ਲਈ ਪਵਿੱਤਰਤਾ ਦੀ ਪ੍ਰਤਿਗਿਆ ਕਰ ਸਗਾ ਬੱਚਾ ਬਣਨਾ ਹੈ, ਹੋਰ ਸੰਗ ਤੋੜ੍ਹ ਇੱਕ ਸੰਗ ਜੋੜਣਾ ਹੈ।

2. ਆਪ ਸਮਾਨ ਬਣਨ ਦੀ ਸੇਵਾ ਕਰਨੀ ਹੈ। ਕਾਂਟੇ ਤੋਂ ਕਲੀ, ਕਲੀ ਤੋਂ ਫੁੱਲ ਬਣਨਾ ਅਤੇ ਬਨਾਉਣਾ ਹੈ। ਨਵੇਂ ਝਾੜ ਦੀ ਕਲਮ ਲਗਾਉਣੀ ਹੈ।

ਵਰਦਾਨ:- ਕਰਮਾ ਦੀ ਗੁਹੇ ਗਤੀ ਦੇ ਗਿਆਤਾ ਬਣ ਧਰਮਰਾਜ ਪੁਰੀ ਦੀਆ ਸਜਾਵਾਂ ਤੋਂ ਬਚਾਉਣ ਵਾਲੇ ਵਿਕ੍ਰਮਾਂਜੀਤ ਭਵ
ਸਜਾਵਾਂ ਦੇ ਅਨੁਭਵ ਨੂੰ ਹੀ ਧਰਮਰਾਜਪੁਰੀ ਕਹਿੰਦੇ ਹਨ, ਬਾਕੀ ਧਰਮਰਾਜਪੁਰੀ ਕੋਈ ਵੱਖ ਸਥਾਨ ਨਹੀਂ ਹੈ ਲਾਸ੍ਟ ਵਿੱਚ ਆਪਣੇ ਕੀਤੇ ਹੋਏ ਪਾਪ ਜਮਦੂਤ ਦੇ ਡਰਾਵਣੇ ਰੂਪ ਵਿੱਚ ਸਾਮਣੇ ਆਉਂਦੇ ਹਨ। ਉਸ ਸਮੇਂ ਪ੍ਰਸ਼ਚਾਤਾਪ ਅਤੇ ਵੈਰਾਗ ਦੀ ਘੜੀ ਹੁੰਦੀ ਹੈ ਛੋਟੇ - ਛੋਟੇ ਪਾਪ ਵੀ ਭੂਤ ਦੀ ਤਰ੍ਹਾਂ ਲੜਦੇ ਹਨ। ਪਸਚਾਤਾਪ ਦੀ ਤ੍ਰਾਹਿ - ਤ੍ਰਾਹਿ ਹੁੰਦੀ ਹੈ ਇਸਲਈ ਉਹਨਾਂ ਸਜਾਵਾਂ ਦੀ ਫਿਲਿੰਗ ਤੋਂ ਬਚਨ ਦੇ ਲਈ ਕਰਮਾਂ ਦੀ ਗੁਹੇ ਗਤੀ ਦੇ ਗਿਆਤਾ ਬਣ ਸਦਾ ਸ਼੍ਰੇਸ਼ਠ ਕਰਮ ਕਰੋ ਅਤੇ ਵਿਕ੍ਰਮਾਂਜਿੱਤ ਬਣੋ।

ਸਲੋਗਨ:- ਜੋ ਤਨ - ਮਨ - ਧਨ ਨਾਲ ਬਾਪ ਤੇ ਪੁਰਾ ਬਲਿਹਾਰ ਜਾਂਦੇ ਹਨ ਉਹ ਹੀ ਗਲੇ ਦਾ ਹਾਰ ਬਣਦੇ ਹਨ।

******